THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ./ਆਈ.ਟੀ./17/2476 ਅਤਿ ਜਰੂਰੀ ਮਿਤੀ: 24-08-2017.

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਉਦਯੋਗਿਕ ਸਿਖਲਾਈ ਸੰਸਥਾਵਾਂ (ਐਨ.ਸੀ.ਵੀ.ਟੀ ਸਕੀਮ ਅਧੀਨ)
ਪੰਜਾਬ ਰਾਜ ਅਧੀਨ।

ਵਿਸ਼ਾ: **ਜੁਲਾਈ 2016 ਦੌਰਾਨ ਪ੍ਰੈਕਟੀਕਲ ਅਤੇ ਇੰਜ: ਡਰਾਇੰਗ ਦੇ ਮਾਰਕਸ ਐਮ.ਆਈ.ਐਸ ਪੋਰਟਲ ਤੇ ਨਾ ਅਪਲੋਡ ਹੋਣ ਕਾਰਨ ਪੈਡਿੰਗ ਪਏ ਰਿਜਲਟਾਂ ਦੀ ਡਿਟੇਲ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਜੁਲਾਈ 2016 ਪ੍ਰੀਖਿਆ ਦੋਰਾਨ ਕੁਝ ਸਿਖਿਆਰਥੀਆਂ ਦਾ ਰਿਜਲਟ ਪ੍ਰੈਕਟੀਕਲ ਅਤੇ ਇੰਜ: ਡਰਾਇੰਗ ਦੇ ਮਾਰਕਸ ਨਾ ਅਪਲੋਡ ਹੋਣ ਕਾਰਨ ਜਾਂ ਜੀਰੋ ਹੋ ਜਾਣ ਕਾਰਨ ਪੈਡਿੰਗ ਹੋ ਗਿਆ ਸੀ। ਉਕਤ ਸਬੰਧੀ ਡੀ.ਜੀ.ਟੀ, ਨਵੀਂ ਦਿੱਲੀ ਨਾਲ ਤਾਲਮੇਲ ਕੀਤਾ ਗਿਆ ਸੀ ਅਤੇ ਡੀ.ਜੀ.ਟੀ, ਨਵੀਂ ਦਿੱਲੀ ਦੁਆਰਾ ਪੱਤਰ ਨੰ: MSDE-18011/04/CTS/Pun./2017-TTC ਮਿਤੀ 25-07-2017 ਰਾਹੀਂ ਉਕਤ ਸਬੰਧੀ ਸਪੱਸ਼ਟੀਕਰਨ ਦਿੱਤਾ ਗਿਆ ਸੀ ਕਿ ਸਿਖਿਆਰਥੀਆਂ ਦੀ ਹਾਲ ਟਿਕਟ ਜਨਰੇਟ ਕਰਨ ਉਪਰੰਤ ਉਹਨਾਂ ਦੇ ਪਹਿਲੇ ਮਾਰਕਸ ਅਪਲੋਡ ਕੀਤੇ ਜਾ ਸਕਦੇ ਹਨ। ਉਪਰੋਕਤ ਦੇ ਸਨਮੁੱਖ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੀ ਸੰਸਥਾ ਦੇ ਜਿੰਨ੍ਹਾਂ ਸਿਖਿਆਰਥੀਆਂ ਦੇ ਪ੍ਰੈਕਟੀਕਲ ਜਾਂ ਇੰਜ: ਡਰਾਇੰਗ ਦੇ ਪਿਛਲੇ ਮਾਰਕਸ ਅਪਲੋਡ ਕੀਤੇ ਜਾਣੇ ਹਨ ਉਹਨਾਂ ਦਾ ਰਿਕਾਰਡ ਨੱਥੀ ਪ੍ਰਫਾਰਮੇ ਵਿੱਚ ਭਰ ਕੇ ਤਸਦੀਕ ਕਰਨ ਉਪਰੰਤ, ਤਸਦੀਕਸ਼ੁਦਾ ਪ੍ਰੈਕਟੀਕਲ/ਇੰਜ: ਡਰਾਇੰਗ ਦੇ ਅਵਾਰਡ, ਐਮ.ਆਈ.ਐਸ ਪੋਰਟਲ ਤੋਂ ਜਨਰੇਟ ਹੋਈ ਹਾਲ ਟਿਕਟ ਦੀ ਕਾਪੀ ਅਤੇ ਅਟੈਂਡੈਂਸ ਕਮ ਚਲਾਨ ਫਾਰਮ ਸਮੇਤ ਮਿਤੀ 28-08-2017 ਤੱਕ ਬੋਰਡ ਦਫਤਰ ਵਿਖੇ ਨਿੱਜੀ ਤੌਰ ਤੇ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਸੰਸਥਾ ਦੇ ਮੁਖੀ ਦੁਆਰਾ ਇਹ ਯਕੀਨੀ ਬਣਾਇਆ ਜਾਵੇ ਕਿ ਕੇਵਲ ਉਹਨਾਂ ਸਿਖਿਆਰਥੀਆਂ ਦਾ ਹੀ ਰਿਕਾਰਡ ਬੋਰਡ ਦਫਤਰ ਵਿਖੇ ਭੇਜਿਆ ਜਾਵੇ ਜਿੰਨ੍ਹਾਂ ਦੁਆਰਾ ਪ੍ਰੀਖਿਆ ਫੀਸ ਜਮ੍ਹਾਂ ਕਰਵਾਈ ਗਈ ਹੈ ਅਤੇ ਜਿੰਨ੍ਹਾਂ ਦੀ ਹਾਲ ਟਿਕਟ ਐਮ.ਆਈ.ਐਸ ਪੋਰਟਲ ਉੱਤੇ ਜਨਰੇਟ ਹੋਈ ਹੈ।

ਉਕਤ ਸਬੰਧੀ ਪਹਿਲ ਦੇ ਆਧਾਰ ਤੇ ਕਾਰਵਾਈ ਕਰਦੇ ਹੋਏ ਸਬੰਧਤ ਰਿਕਾਰਡ ਨਿਰਧਾਰਿਤ ਮਿਤੀ ਤੱਕ ਬੋਰਡ ਦਫਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਸਿਖਿਆਰਥੀਆਂ ਦੇ ਮਾਰਕਸ ਅਪਲੋਡ ਕਰਨ ਹਿਤ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਉਕਤ ਸਬੰਧੀ ਦੇਰੀ ਦੀ ਪੂਰਨ ਜਿੰਮੇਵਾਰੀ ਸਬੰਧਤ ਸੰਸਥਾ ਦੇ ਮੁਖੀ ਦੀ ਹੀ ਹੋਵੇਗੀ।

ਨੱਥੀ: ਉਪਰੋਕਤ ਅਨੁਸਾਰ

24.8.17
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ ਸਾਹਿਬ
2. ਐਡਮਿਨ ਅਫਸਰ
3. ਸਿਸਟਮ ਐਡਮਿਨਸਟਰੇਟਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

Name of the Institute: ..........................................................................................

DGT Code of the Institute: ...........................................................................

| Sr. No. | Regd. No. of Student | Name of Student | Trade & Trade Code | Semester | Exam Session | Documents Attached |
|---|---|---|---|---|---|---|
| | | | | | | |
| | | | | | | |
| | | | | | | |
| | | | | | | |